# NE 130th St (ਸਟਰ੍ਹੀਟ) ਅਤੇ NE 125th St (ਸਟਰ੍ਹੀਟ) ਗਤੀਸ਼ੀਲਤਾ ਅਤੇ ਸੁਰੱਖਿਆ ਯੋਜਨਾ

2024




## ਤੁਹਾਡੇਗੁਆਂਢ ‘ਚ ਪੈਦਲ ਚੱਲਣ, ਸਾਈਕਲ ਚਲਾਉਣ, ਅਤੇਆਵਾਜਾਈ ਦੀਆਂ ਸਹੂਲਤਾਂ ਆ ਰਹੀਆਂਹਨ!

ਸਾਡੇ ਕੋਲ Haller Lake ਅਤੇ Lake City ਦੇ ਦਰਮਿਆਨ ਆਵਾਜਾਈ ਵਿੱਚ ਸੁਧਾਰ ਕਰਨ ਦਾ ਮੌਕਾ ਹੈ ਜਿਵੇਂ ਕਿ ਅਸੀਂ NE 130th St, I-5 ਦੇ ਨੇੜੇ, ਨਵਾਂ ਲਾਈਟ ਰੇਲ ਸਟੇਸ਼ਨ ਬਣਾਉਣ ਲਈ ਤਿਆਰ ਹਾਂ। ਅਸੀਂ NE 130th St, Roosevelt Way NE, ਅਤੇ NE 125th St ਤੇ ਸੁਧਾਰਾਂ ਦੀ ਯੋਜਨਾ ਬਣਾ ਰਹੇ ਹਾਂ ਜੋ ਹਰ ਕਿਸੇ ਲਈ ਸੁਰੱਖਿਆ ਅਤੇ ਪਹੁੰਚਯੋਗਤਾ ਵਿੱਚ ਸੁਧਾਰ ਕਰੇਗਾ।
ਅਸੀਂ ਹੇਠ ਲਿਖੇ ਬਦਲਾਅ ਪਰਸਤਾਵਿਤ ਕਰ ਰਹੇ ਹਾਂ:

- ਸਾਈਕਲ ਲੇਨਾਂ ਨੂੰ ਸੀਮੈਂਟ ਦੇ ਬਣੇ ਨਿਅੰਤਰ੍ਕਾਂ ਦੇ ਨਾਲ ਸੁਰੱਖਿਅਤ ਕਰਨਾ ਤਾਂ ਜੋ ਸਾਈਕਲ ਚਲਾਉਣਾ ਜ਼ਿਆਦਾ ਸੁਰੱਖਿਅਤ ਹੋ ਸਕੇ।
- ਨਵੇਂ ਅਤੇ ਅਪਗਰ੍ਰੇਡ ਕੀਤੇ ਬੱਸ ਸਟਾਪ, ਬੱਸਾਂ ਲਈ ਸਮਰਪਿਤ ਲੇਨ, ਅਤੇ ਬੱਸਾਂ ਨੂੰ ਪਹਿਲ ਦੇਣ ਲਈ ਸਿਗਨਲ ਬਦਲਣਾ।
- ਗੰਭੀਰ ਅਤੇ ਜਾਨਲੇਵਾ ਟੱਕਰਾਂ ਨੂੰ ਰੋਕਣ ਲਈ ਸੜਕ ਅਤੇ ਚੌਰਾਹੇ ਦੇ ਸੁਰੱਖਿਅਤ ਨਿਯੋਜਨ
- ਪੈਦਲ ਤੁਰਨ ਵਾਲੇ, ਸਾਈਕਲ ਚਲਾਉਣ ਵਾਲੇ ਅਤੇ ਰੋਲਿੰਗ ਕਰਨ ਵਾਲੇ ਲੋਕਾਂ ਲਈ ਨਵੇਂ ਸਿਗਨਲ ਦੇ ਨਾਲ ਸੁਰੱਖਿਅਤ ਸੜਕ ਕਰ੍ਰਾਸਿੰਗ, ਅਤੇ ਸਿਗਨਲ ਅੱਪਗਰੇਡ ਜਿਸ ਕਰਕੇ ਪੈਦਲ ਚੱਲਣ ਅਤੇ ਰੋਲਿੰਗ ਕਰਨ ਵਾਲੇ ਲੋਕਾਂ ਨੂੰ ਕਾਰਾਂ ਅਤੇ ਟਰੱਕਾਂ ਤੋਂ ਪਹਿਲਾਂ ਜਾਣ ਦੀ ਸੁਵਿਧਾ ਮਿਲੇਗੀ।
- ਕੁਝ ਥਾਵਾਂ ਤੇ ਫੁੱਟਪਾਥ ਦੀ ਮੁਰੰਮਤ ਅਤੇ ਨਵੇਂ ਨਿਅੰਤਰ੍ਕ ਰੈਂਪ
- ਚੌਰਾਹੇ ਨੂੰ ਸੁਰੱਖਿਅਤ ਬਣਾਉਣ ਅਤੇ ਗੱਡੀ ਚਲਾਉਣ ਵਾਲੇ ਲੋਕਾਂ ਅਤੇ ਪੈਦਲ, ਸਾਈਕਲ ਚਲਾਉਣ ਅਤੇ ਸਕੇਟਸ ਆਦਿ ਕਰਨ ਵਾਲੇ ਲੋਕਾਂ ਵਿੱਚਕਾਰ ਟਕਰਾਅ ਨੂੰ ਘਟਾਉਣ ਲਈ ਸੱਜੇ ਮੋੜ ਸਿਰਫ਼ 3rd Ave NE ਤੋਂ NE 130th St ਤੱਕ ਦਿੱਤੇ ਜਾਣਗੇ
- Roosevelt Way NE ਅਤੇ 10th Ave NE ਤੇ ਸੁਰੱਖਿਆ ਅਤੇ ਆਵਾਜਾਈ ਦੇ ਪਰ੍ਵਾਹ ਵਿੱਚ ਸੁਧਾਰ ਲਈ ਇੱਕ ਚੌਂਕ ਬਣਾਉਣਾ

**ਸਾਡੀ ਵੈੱਬਸਾਈਟ ਤੇ ਜਾਣ ਲਈ QR ਕੋਡ ਨੂੰ ਸਕੈਨ ਕਰੋ। ਤੁਸੀ ਯੋਜਨਾ ਬਾਰੇ ਜਾਣਕਾਰੀ ਪਰ੍ਰਾਪਤ ਕਰ ਸਕਦੇ ਹੋ ਅਤੇ ਯੋਜਨਾ ਅੱਪਡੇਟ ਲਈ ਸਾਈਨ ਅੱਪ ਕਰ ਸਕਦੇ ਹੋ।**

### ਸ਼ਾਮਲ ਹੋਵੋ!

- **ਇੱਕ ਭਾਈਚਾਰਕ ਪੌਪ-ਅਪ ਇਵੈਂਟ ਵਿੱਚ ਸ਼ਾਮਲ ਹੋਵੋ**
- **ਇੱਕ ਭਾਈਚਾਰਕ ਮੀਟਿੰਗ ਵਿੱਚ ਸ਼ਾਮਲ ਹੋਵੋ**
- **ਭਾਈਚਾਰਕ ਮੁਲਾਕਾਤ ਦੌਰਾਨ ਸਾਡੀ ਟੀਮ ਨੂੰ ਮਿਲੋ**


**:ਯੋਜਨਾ ਸੰਪਰਕ**
**Drue Nyenhuis**
**NE130thSt_NE125thSt_Project@seattle.gov**
**400-7515 (206)**
**www.seattle.gov/transportation/NE130thMobilityProject**


Seattle Department of Transportation

King County METRO

# ਯੋਜਨਾ ਸਮਾਂ-ਸੀਮਾ

| PLANNING | | DESIGN | | | | | CONSTRUCTION | | |
|---|---|---|---|---|---|---|---|---|---|
| Master Plan(s) | Project Design Plan | 10% | 30% | 60% | 90% | 100% | Pre-construction | During | Wrap-up |

we are here (60%)

- **ਯੋਜਨਾ (2023)**: ਅਸੀ ਭਾਈਚਾਰੇ ਤੋਂ ਮਿਲੀ ਜਾਣਕਾਰੀ ਦੇ ਨਾਲ ਸੁਰੱਖਿਆ ਅਤੇ ਪਹੁੰਚਯੋਗਤਾ ਸੁਧਾਰਾਂ ਨੂੰ ਨਿਯੋਜਿਤ ਕੀਤਾ ਹੈ।
- **ਪਰਿਯੋਜਨਾ (2023-2025)**: ਭਾਈਚਾਰਕ ਫੀਡਬੈਕ ਲਈ ਪਰਿਯੋਜਨਾ ਪਰ੍ਸਤਾਵ ਬਣਾਓ ਅਤੇ ਸਾਂਝੇ ਕਰੋ।
- **ਨਿਰਮਾਣ (2025-2026*)**: ਅਸੀ ਨਿਰਮਾਣ ਦੀ ਅਨੁਸੂਚੀ, ਗਤੀਵਿਧੀਆਂ ਅਤੇ ਪਰ੍ਭਾਵਾਂ ਨੂੰ ਸਾਂਝਾ ਕਰਾਂਗੇ
- ਲਾਈਟ ਰੇਲ ਸੇਵਾ ਸ਼ੁਰੂ ਹੋ ਗਈ ਹੈ (2026): NE 130th St Infill Station ਦੀ ਮੌਜੂਦਾ ਜਾਣਕਾਰੀ ਲਈ ਸਾਊਂਡ ਟਰ੍ਾਂਜ਼ਿਟ ਦੀ ਵੈੱਬਸਾਈਟ ਤੇ ਜਾਓ।

*ਉਸਾਰੀ ਦੀਆਂ ਸਮਾਂ-ਸੀਮਾਵਾਂ ਬਦਲ ਸਕਦੀਆਂ ਹਨ। ਇਹ ਉਸ ਸਮੇਂ ਤੇ ਨਿਰਭਰ ਕਰਦਾ ਹੈ ਜਦੋਂ ਮਜਦੂਰ ਅਤੇ ਸਮੱਗਰੀ ਤਿਆਰ ਹਨ।




ਲਾਈਟ ਰੇਲ ਜਲਦੀ ਹੀ NE 130th ਅਤੇ I-5 ਵਿਖੇ ਆ ਰਹੀ ਹੈ (ਫੋਟੋ ਕਰ੍ਹੈਡਿਟ: SDOT)


:ਯੋਜਨਾ ਸੰਪਰਕ
**Drue Nyenhuis**
**NE130thSt_NE125thSt_Project@seattle.gov**
**400-7515 (206)**
**www.seattle.gov/transportation/NE130thMobilityProject**

Seattle Department of Transportation

King County METRO